بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 01.01.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 1 ਜਨਵਰੀ 2016 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਅਸੀਂ ਹਜ਼ਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਨੂੰ ਨਸ਼ਟ ਕਰਨ ਵਾਲੇ ਨ ਹੋਈਏ ਸਗੋਂ ਉਹਨਾਂ ਦੁਆਵਾਂ ਨੂੰ ਜੋ ਆਪ ਅਲੈਹਿ ਸਲਾਮ ਨੇ ਆਪਣੀ ਜਮਾਤ ਲਈ ਕੀਤੀਆਂ ਹਨ ਉਹਨਾਂ ਦਾ ਸਦਾ ਵਾਰਸ ਬਣੀਏ । ਇਸ ਦੁਆ ਨਾਲ ਮੈਂ ਆਪ ਸਭ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਾ ਹਾਂ । ਅਲੱਾਹ ਤਆਲਾ ਇਸ ਸਾਲ ਨੂੰ ਸਾਡੇ ਲਈ ਵਿਅਕਤੀਗੱਤ ਰੂਪ ਵਿੱਚ ਵੀ ਅਤੇ ਜਮਾਤੀ ਤੌਰ'ਤੇ ਵੀ ਅਥਾਹ ਬਰਕਤਾਂ ਭਰਪੂਰ ਬਣਾਏ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਅੱਜ ਨਵੇਂ ਸਾਲ ਦਾ ਪਹਿਲਾ ਦਿਨ ਹੈ ਅਤੇ ਜੁਮਏ ਦੇ ਬਰਕਤਾਂ ਭਰਪੂਰ ਦਿਨ ਨਾਲ ਅਰੰਭ ਹੋ ਰਿਹਾ ਹੈ । ਸਾਬਕਾ ਰਿਵਾਇਤਾਂ ਅਨੁਸਾਰ ਨਵੇਂ ਸਾਲ ਦੇ ਅਰੰਭ ਵਿੱਚ ਅਸੀਂ ਇਕ ਦੂਜੇ ਨੂੰ ਮੁਬਾਰਕਬਾਦ ਦਿੰਦੇ ਹਾਂ । ਮੈਨੂੰ ਵੀ ਨਵੇਂ ਸਾਲ ਦੀ ਮੁਬਾਰਕਬਾਦ ਦੇ ਸੰਦੇਸ਼ ਜਮਾਤ ਦੇ ਲੋਕਾਂ ਵੱਲੋਂ ਪ੍ਰਾਪਤ ਹੋ ਰਹੇ ਹਨ । ਆਪ ਵੀ ਇਕ ਦੂਜੇ ਨੂੰ ਮੁਬਾਰਕਬਾਦ ਦੇ ਰਹੇ ਹੋਵੋਗੇ । ਪਛੱਮ ਵਿੱਚ ਜਾਂ ਪ੍ਰਗਤੀਸ਼ੀਲ ਅਖਵਾਉਣ ਵਾਲੇ ਦੇਸ਼ਾਂ ਵਿੱਚ ਨਵੇਂ ਸਾਲ ਦੀ ਰਾਤ ਸਾਰੀ ਰਾਤ ਸ਼ਰਾਬ ਨੋਸ਼ੀ ਤੇ ਹੁਲੱੜਬਾਜ਼ੀ ਤੇ ਪਟਾਕੇ ਤੇ ਫੁਲਝੜੀਆਂ ਜਿਸਨੂੰ ਫਾਇਰ ਵਰਕਸ ਕਹਿੰਦੇ ਹਨ, ਇਹਨਾਂ ਤੋਂ ਨਵੇਂ ਸਾਲ ਦਾ ਅਰੰਭ ਕੀਤਾ ਜਾਂਦਾ ਹੈ ਸਗੋਂ ਹੁਣ ਮੁਸਲਮਾਨ ਦੇਸ਼ਾਂ ਵਿੱਚ ਵੀ ਨਵੇਂ ਸਾਲ ਦਾ ਸਵਾਗਤ ਇਸੇ ਪ੍ਰਕਾਰ ਕੀਤਾ ਜਾਂਦਾ ਹੈ । ਪਰ ਅਹਮਦੀਆਂ ਵਿੱਚ ਰੱਬ ਦੀ ਮਿਹਰ ਨਾਲ ਅਨੇਕਾਂ ਹੀ ਅਜਿਹੇ ਹਨ ਜਿੰਨ੍ਹਾਂ ਨੇ ਆਪਣੀਆਂ ਰਾਤਾਂ ਇਬਾਦਤ ਵਿੱਚ ਲੰਘਾਈਆਂ ਜਾਂ ਸਵੇਰੇ ਛੇਤੀ ਉਠਕੇ ਨਫ਼ਲ ਪੜ੍ਹਕੇ ਨਵੇਂ ਸਾਲ ਦਾ ਅਰੰਭ ਕੀਤਾ । ਬਹੁਤ ਸਾਰੀਆਂ ਥਾਵਾਂ ਉਪੱਰ ਨਮਾਜ਼ ਤਹਜੁੱਦ ਬਾਜਮਾਤ ਪੜ੍ਹੀ ਗਈ ਪਰ ਇਹ ਸਭ ਕੁਝ ਹੁੰਦਿਆਂ ਹੋਇਆ ਵੀ ਅਸੀਂ ਉਹਨਾਂ ਮੁਸਲਮਾਨਾਂ ਦੀ ਦ੍ਰਿਸ਼ਟੀ ਵਿੱਚ ਗ਼ੈਰਮੁਸਲਿਮ ਹਾਂ ਅਤੇ ਇਹ ਹੁਲੱੜਬਾਜ਼ੀ ਕਰਨ ਵਾਲੇ ਪੈਸਿਆਂ ਨੂੰ ਬਰਬਾਦ ਕਰਨ ਵਾਲੇ ਗ਼ੈਰਧਾਰਮਕ ਰੀਤੀਆਂ ਨੂੰ ਵੱਡੀ ਵਿਵਸਥਾ ਨਾਲ ਮਨਾਉਣ ਵਾਲੇ ਇਹ ਲੋਕ ਮੁਸਲਮਾਨ ਹਨ ।

ਬਹਿਰਹਾਲ ਅਸੀਂ ਰੱਬ ਦੀ ਮਿਹਰ ਨਾਲ ਮਮੁਸਲਮਾਨ ਹਨ ਅਤੇ ਸਾਨੂੰ ਕਿਸੇ ਦੇ ਪ੍ਰਮਾਣ ਦੀ ਲੋੜ ਨਹੀਂ । ਹਾਂ, ਜੇਕਰ ਅਸੀਂ ਕਿਸੇ ਪ੍ਰਮਾਣ ਦੇ ਇਛੁੱਕ ਹਾਂ ਤਾਂ ਉਹ ਰੱਬ ਦੀ ਦ੍ਰਿਸ਼ਟੀ ਵਿੱਚ ਹਕੀਕੀ ਮੁਸਲਮਾਨ ਬਣਕੇ ਪ੍ਰਮਾਣ ਲੈਣ ਦੀ ਹੈ ਅਤੇ ਉਸ ਲਈ ਕੇਵਲ ਐਨ੍ਹਾ ਹੀ ਬਹੁਤ ਨਹੀਂ ਕਿ ਅਸੀਂ ਸਾਲ ਦੇ ਪਹਿਲੇ ਦਿਨ ਵਿਅਕਤੀਗਤ ਜਾਂ ਜਮਾਤੀ ਤੌਰ'ਤੇ ਤਹਜੁੱਦ ਪੜ੍ਹ ਲਈ ਜਾਂ ਸਦਕਾ (ਦਾਨ) ਦੇ ਦਿਤੱਾ, ਨੇਕੀ ਦੀਆਂ ਕੁਝ ਹੋਰ ਗਲੱਾਂ ਕਰ ਲਈਆਂ ਅਤੇ ਉਸ ਨੇ ਸਾਨੂੰ ਰੱਬ ਦੀ ਰਜ਼ਾ ਦੀ ਪ੍ਰਾਪਤੀ ਦਾ ਹੱਕਦਾਰ ਬਣਾ ਦਿਤੱਾ । ਰੱਬ ਤਾਂ ਨਿਰੰਤਰ ਅਪਣੇ ਬੰਦੇ ਤੋਂ ਨੇਕੀਆਂ ਚਾਹੁੰਦਾ ਹੈ, ਰੱਬ ਤਾਂ ਚਾਹੁੰਦਾ ਹੈ ਕਿ ਉਸ

ਦਾ ਬੰਦਾ ਨਿਰੰਤਰ ਉਸ ਦੇ ਆਦੇਸ਼ਾਂ ਉਪੱਰ ਅਮਲ ਕਰਨ ਵਾਲਾ ਹੋਵੇ । ਨੇਕੀਆਂ ਪੂਰੀਆਂ ਕਰਨ ਵਾਲਾ ਹੋਵੇ ਨਮਾਜ਼ਾਂ ਤੇ ਤਹਜੁੱਦ ਨਾਲ ਮਨਾਂ ਵਿੱਚ ਇਕ ਪਾਕ ਇਨਕਲਾਬ ਪੈਦਾ ਕਰਨ ਦੀ ਲੋੜ ਹੈ, ਫਿਰ ਰੱਬ ਰਾਜ਼ੀ ਹੁੰਦਾ ਹੈ । ਕਿਸੇ ਪ੍ਰਕਾਰ ਦੀ ਅਜਿਹੀ ਨੇਕੀ ਜੋ ਕੇਵਲ ਇਕ ਦਿਨ ਜਾਂ ਦੋ ਦਿਨ ਲਈ ਹੋਵੇ ਉਹ ਨੇਕੀ ਨਹੀਂ ਹੈ । ਸੋ, ਸਾਨੂੰ ਸੋਚਣਾ ਚਾਹੀਦਾ ਹੈ ਕਿ ਕਿਸ ਪ੍ਰਕਾਰ ਦੇ ਅਮਲ ਅਤੇ ਰਵਈਏ ਸਾਨੂੰ ਅਪਨਾਉਣੇ ਚਾਹੀਦੇ ਹਨ। ਜੋ ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਬਨਾਉਣ । ਇਸ ਲਈ ਮੈਂ ਅੱਜ ਜ਼ਮਾਨੇ ਦੇ ਸੁਧਾਰ ਲਈ ਭੇਜੇ ਹੋਏ ਫ਼ਰਸਤਾਦੇ (ਪੈਗੰਬਰ) ਦੀਆਂ ਕੁਝ ਨਸੀਹਤਾਂ ਨੂੰ ਲਿਆ ਹੈ ਜੋ ਆਪ ਨੇ ਵੱਖ ਵੱਖ ਸਮਿਆਂ ਵਿੱਚ ਆਪਣੀ ਜਮਾਤ ਨੂੰ ਕੀਤੀਆਂ ਹਨ ਤਾਂ ਜੋ ਪੱਕੇ ਮਨੋਂ ਤੇ ਲਗ਼ੀਵਾਰਤਾ ਨਾਲ ਅਸੀਂ ਆਪਣੇ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਜਤਨ ਕਰਦੇ ਰਹੀਏ । ਇਹੋ ਗੱਲਾਂ ਹਨ ਜੋ ਕੇਵਲ ਸਾਲ ਦੇ ਪਹਿਲੇ ਦਿਨ ਹੀ ਨਹੀਂ ਸਗੋਂ ਸਾਲ ਦੇ ਬਾਰ੍ਹਾਂ ਮਹੀਨਿਆਂ ਤੇ 365 ਦਿਨਾਂ ਨੂੰ ਬਰਕਤਾਂ ਭਰਪੂਰ ਕਰਨ ਵਾਲੀਆਂ ਹਨ ਅਤੇ ਅਸੀਂ ਰੱਬ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਵਾਲੇ ਬਣ ਸਕਾਂਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਹੁਣ ਦੁਨੀਆ ਦੀ ਹਾਲਤ ਦੇਖੋ ਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਤਾਂ ਆਪਣੇ ਅਮਲਾਂ ਨਾਲ ਕਰ ਦਿਖਾਇਆ ਕਿ ਮੇਰਾ ਮਰਨਾ ਤੇ ਜੀਣਾ ਸਭ ਕੁਝ ਰੱਬ ਲਈ ਹੈ । ਅਤੇ ਜਾਂ ਹੁਣ ਦੁਨੀਆ ਵਿੱਚ ਮੌਜੂਦ ਮੁਸਲਮਾਨ ਹਨ । ਕਿਸੇ ਨੂੰ ਕਿਹਾ ਜਾਵੇ ਕਿ ਕੀ ਤੂੰ ਮੁਸਲਮਾਨ ਹੈਂ ? ਤਾਂ ਕਹਿੰਦਾ ਹੈ, ਅਲਹਮਦੁਲਿਲੱਾਹ, ਜਿਸਦਾ ਕਲਿਮਾ ਪੜ੍ਹਦਾ ਹੈ ਉਸ ਦੇ ਜੀਵਨ ਦੀ ਪ੍ਰਾਪਤੀ ਤਾਂ ਰੱਬ ਲਈ ਸੀ ਪਰ ਇਹ ਦੁਨੀਆ ਲਈ ਜੀਉਂਦਾ ਹੈ (ਕਹਿੰਦੇ ਤਾਂ ਲਾ ਇਲਾਹਾ ਇਲਲੱਾਹੁ ਹਨ ਪਰ ਰੱਬ ਦੀ ਬਜਾਏ ਦੁਨੀਆ ਲਈ ਜੀਉਂਦਾ ਹੈ ।) ਅਤੇ ਦੁਨੀਆ ਲਈ ਹੀ ਮਰਦਾ ਹੈ ਉਸ ਸਮੇਂ ਤੱਕ ਕਿ ਮੌਤ ਦਾ ਅੰਤਮ ਸਾਹ ਹੋਵੇ, ਮੌਤ ਆ ਜਾਵੇ ਦੁਨੀਆ ਹੀ ਉਸਦਾ ਮੰਤਵ, ਪ੍ਰੇਮ ਤੇ ਜਾਚਨਾ ਰਹਿੰਦੀ ਹੈ ਫਿਰ ਕਿਵੇਂ ਕਹਿ ਸਕਦਾ ਹੈ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਤਾਬਿਆਦਾਰੀ ਕਰਦਾ ਹਾਂ । ਫ਼ਰਮਾਇਆ ਕਿ ਇਹ ਬਹੁਤ ਧਿਆਨ ਦੇਣ ਯੋਗ ਗੱਲ ਹੈ ਇਸ ਨੂੰ ਸਰਸਰੀ ਜਿਹੀ ਨ ਸਮਝੋ । ਮੁਸਲਮਾਨ ਬਨਣਾ ਸੌਖਾ ਨਹੀਂ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਤਾਬਿਆਦਾਰੀ ਅਤੇ ਇਸਲਾਮ ਦਾ ਨਮੂਨਾ ਜੱਦ ਤੱਕ ਆਪਣੇ ਅੰਦਰ ਪੈਦਾ ਨ ਕਰੋ ਸੰਤੋਖੀ ਨ ਹੋਵੇ .........

ਭਾਵ ਇਹ ਗੱਲ ਹੁਣ ਚੰਗੀ ਤਰ੍ਹਾਂ ਸਮਝ ਆ ਸਕਦੀ ਹੈ ਕਿ ਰੱਬ ਦਾ ਪ੍ਰੇਮੀ ਹੋਣਾ ਮਨੁੱਖ ਦੇ ਜੀਵਨ ਦਾ ਮੰਤਵ ਤੇ ਉਦੇਸ਼ ਹੋਣਾ ਚਾਹੀਦਾ ਹੈ ਕਿਉਂਕਿ ਜੱਦ ਤੱਕ ਰੱਬ ਦਾ ਪ੍ਰੇਮੀ ਨ ਹੋਵੇ ਅਤੇ ਰੱਬ ਦਾ ਪ੍ਰੇਮ ਨ ਮਿਲੇ ਸਫ਼ਲ ਜੀਵਨ ਬਤੀਤ ਨਹੀਂ ਕਰ ਸਕਦਾ ਅਤੇ ਇਹ ਗੱਲ ਪੈਦਾ ਨਹੀਂ ਹੁੰਦੀ ਜੱਦ ਤੱਕ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਦੀ ਸੱਚੇ ਮਨੋਂ ਤਾਬਿਆਦਾਰੀ ਤੇ ਪੈਰ੍ਹਵੀ ਨ ਕੀਤੀ ਕੀਤੀ ਜਾਵੇ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੇ ਆਪਣੇ ਅਮਲਾਂ ਰਾਹੀਂ ਦਿਖਾ ਦਿਤੱਾ ਕਿ ਇਸਲਾਮ ਕੀ ਹੈ ? ਸੋ, ਤੁਸੀਂ ਉਹ ਇਸਲਾਮ ਆਪਣੇ ਅੰਦਰ ਪੈਦਾ ਕਰੋ, ਤਾਂ ਜੋ ਤੁਸੀਂ ਰੱਬ ਦੇ ਪਿਆਰੇ ਬਣ ਜਾਓ ।

ਇਸਲਾਮ ਦੁਨੀਆ ਦੀਆਂ ਨੇਮਤਾਂ ਤੋਂ ਮਨਾ ਨਹੀਂ ਕਰਦਾ ਸਗੋਂ ਦੁਨੀਆ ਵਿੱਚ ਰਹਿੰਦਿਆਂ ਹੋਇਆਂ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਰਖੱਣ ਦੀ ਤਕੀਦ ਕਰਦਾ ਹੈ । ਇਸ ਬਾਰੇ ਸਯੱਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸਲਾਮ ਨੇ ਸਨਿਆਸ (ਦੁਨੀਆ ਤਿਆਗਣਾ) ਲੈਣ ਨੂੰ ਮਨਾ ਕੀਤਾ ਹੈ, ਇਹ ਬੁਜ਼ਦਿਲਾਂ ਦਾ ਕੰਮ ਹੈ । ਮੋਮਿਨ ਦੇ ਸੰਬੰਧ ਦੁਨੀਆ ਨਾਲ ਜਿੰਨ੍ਹੇ ਚੰਗੇ ਹੋਣ ਉਹ ਉਸ ਲਈ ਉੱਚ ਮਰਤਬਿਆਂ ਦੇ ਸਬਬ ਹੁੰਦੇ ਹਨ ਕਿਉਂਕਿ ਉਸ ਦਾ ਟੀਚਾ ਦੀਨ (ਧਰਮ) ਹੁੰਦਾ ਹੈ ਅਤੇ ਦੁਨੀਆ ਉਸ ਦਾ ਧੰਨ ਮਾਲ ਧਰਮ ਦਾ ਸੇਵਕ ਹੁੰਦਾ ਹੈ । ਸੋ, ਅਸਲ ਗੱਲ ਇਹ ਹੈ ਕਿ ਦੁਨੀਆ ਉਸਦਾ ਉਦੇਸ਼ ਤੇ ਮੰਤਵ ਨ ਹੋਵੇ ਸਗੋਂ ਦੁਨੀਆ ਦੀ ਪ੍ਰਾਪਤੀ ਵਿੱਚ ਅਸਲ ਉਦੇਸ਼ ਧਰਮ ਹੋਵੇ ਅਤੇ ਅਜਿਹੇ ਢੰਗ ਨਾਲ ਦੁਨੀਆ ਦੀ ਪ੍ਰਾਪਤੀ ਕੀਤੀ ਜਾਵੇ ਕਿ ਉਹ ਧਰਮ ਦੀ ਸੇਵਕ ਹੋਵੇ । ਦੁਨੀਆ ਨੂੰ ਹਰ ਅਜਿਹੇ ਢੰਗ ਨਾਲ ਹਾਸਲ ਕਰੋ ਜਿਸਦੇ ਪ੍ਰਾਪਤ ਕਰਨ ਨਾਲ ਭਲਾਈ ਤੇ ਖ਼ੂਬੀ ਹੀ ਹੋਵੇ ਨ ਕਿ ਉਹ ਤਰੀਕੇ ਜਿਸ ਨਾਲ ਕਿਸੇ ਦੂਜੇ ਨੂੰ ਕਸ਼ਟ ਪਹੁੰਚਣ ਦਾ

ਸਬਬ ਹੋਵੇ । ਨ ਹੀ ਆਪੋ ਵਿੱਚ ਕਿਸੇ ਨੂੰ ਕੋਈ ਸੰਗ ਹੋਵੇ ਨ ਹੀ ਸ਼ਰਮ ਦਾ ਸਬਬ ਹੋਵੇ ਅਜਿਹੀ ਦੁਨੀਆ ਨਿਰਸੰਦੇਹ ਚੰਗੇ ਅੰਤ ਦਾ ਸਬਬ ਹੋਵੇਗੀ ।

ਇਸ ਲਈ ਮੇਰੇ ਮਿਤੱਰਾਂ ਦੀ ਦ੍ਰਿਸ਼ਟੀ ਵਿੱਚ ਅਰਥਾਤ ਅਹਮਦੀਆਂ ਦੀ ਦ੍ਰਿਸ਼ਟੀ ਵਿੱਚ ਇਹ ਗੱਲ ਲੁਕੀ ਨ ਰਹੇ ਕਿ ਮਨੁੱਖ ਧੰਨ ਮਾਲ ਦੌਲਤ ਜਾਂ ਨਾਰੀ ਤੇ ਪੁਤੱਰ ਦੇ ਮੋਹ ਦੇ ਨਸ਼ੇ ਵਿੱਚ ਅਜਿਹਾ ਦੀਵਾਨਾ ਤੇ ਆਪ ਮੁਹਾਰਾ ਨ ਹੋ ਜਾਵੇ ਕਿ ਉਸ ਵਿੱਚ ਅਤੇ ਰੱਬ ਵਿੱਚ ਇਕ ਪੜਦਾ ਪੈ ਜਾਵੇ, ਅਰਥਾਤ ਦੂਰੀ ਪੈ ਜਾਵੇ । ਰੱਬ ਨਾਲ ਸੰਬੰਧ ਖ਼ਤਮ ਹੋ ਜਾਵੇ । ਫਿਰ ਆਪ ਫ਼ਰਮਾਉਂਦੇ ਹਨ ਕਿ ਮੇਰੇ ਦਿਲ ਵਿੱਚ ਇਹ ਗੱਲ ਆਈ ਹੈ ਕਿ 'ਅਲਹਮਦੁਲਿਲੱਾਹਿ ਰੱਬਿਲ ਆਲਾਮੀਨ, ਅਰ ਰਹਮਾਨਿਰੱਹੀਮ ਅਤੇ ਮਾਲਿਕੇ ਯੌਮਿਦੀਨ ।(الحمدللہرب العالمین۔الرحمن الرحیم۔اورمالک یوم الدین) ਤੋਂ ਇਹ ਸਾਬਤ ਹੈ ਕਿ ਮਨੁੱਖ ਇਹਨਾ ਗੁਣਾ ਨੂੰ ਆਪਣੇ ਅੰਦਰ ਸਮੋਹ ਲਏ ਅਰਥਾਤ ਰੱਬ ਲਈ ਸਾਰੀਆਂ ਸਿਫ਼ਤਾ ਗੁਣਵਾਚਕ ਹਨ ਜੋ ਸਾਰਿਆਂ ਜਹਾਨਾਂ ਦਾ ਰੱਬ ਹੈ ਅਰਥਾਤ ਹਰ ਆਲਮ ਵਿੱਚ ਅਦਿ ਵਿੱਚ ਅਨਾਦਿ ਵਿੱਚ ਭਾਵ ਸਾਰਿਆਂ ਆਲਮਾਂ ਵਿੱਚ ਫਿਰ ਰਹਿਮਾਨ (ਬਿਨ ਮੰਗਿਆਂ ਦੇਣ ਵਾਲਾ) ਹੈ ਰਹੀਮ ਹੈ ਅਤੇ ਮਾਲਿਕੇ ਯੌਮਿਦੀਨ (ਅੰਤ ਨੂੰ ਫਲ ਤੇ ਦੰਡਫਲ ਦੇ ਦਿਨ ਦਾ ਮਾਲਕ) ਹੈ । ਹੁਣ ਜੋ 'ਇਯੱਕਾ ਨਾਬੁਦੁ' ਜੋ ਕਹਿੰਦਾ ਹੈ, ਸੰਭਵਤਾ ਉਸ ਦੀ ਇਬਾਦਤ ਵਿੱਚ ਉਹੋ ਰਬੂਬੀਯਤ, ਰਹਿਮਾਨੀਯਤ, ਰਹੀਮੀ, ਹਲੀਮੀ ਤੇ ਮਾਲਕੀ ਦੇ ਗੁਣਾਂ ਦੀ ਛਾਇਆ ਮਨੁੱਖ ਆਪਣੇ ਅੰਦਰ ਲੈਣਾ ਚਾਹੁੰਦਾ ਹੈ । (ਇਹ ਰੱਬ ਦੇ ਗੁਣ ਹਨ ਜੋ ਜਿੰਨ੍ਹਾ ਨੂੰ ਆਪਣੇ ਵਿੱਚ ਸਮੋਹਣਾ ਚਾਹੀਦਾ ਹੈ) । ਫ਼ਰਮਾਇਆ ਕਾਮਲ ਮਨੁੱਖ ਦੀ ਇਹੋ ਨਿਸ਼ਾਨੀ ਹੈ ਕਿ 'ਤਖ਼ਲੁਕੂ ਬਿਅਖ਼ਲਾਕਿਲੱਾਹ' (تخلقوا باخلاق اللہ) ਅਰਥਾਤ ਰੱਬ ਦੇ ਰੰਗ ਵਿੱਚ ਰੰਗੀਨ ਹੋ ਜਾਵੇ ...... ਅਤੇ ਜੱਦ ਤੱਕ ਉਸ ਮਰਤਬੇ ਨੂੰ ਨ ਪਹੁੰਚ ਜਾਵੇ ਨ ਥਕੇ ਨ ਹਾਰੇ ।

ਫ਼ਰਮਾਇਆ ਇਸੇ ਵਿੱਚ ਖ਼ੁਸ਼ਨਸੀਬੀ ਹੈ ਕਿ ਉਹ ਮੌਤ ਦਾ ਧਿਆਨ ਰੱਖੇ ਅਤੇ ਦੁਨੀਆ ਅਤੇ ਉਸ ਦੀਆ ਜੀਜ਼ਾਂ ਉਸ ਦੀਆਂ ਅਜਿਹੀਆਂ ਪਿਆਰੀਆਂ ਨ ਹੋਣ ਜੋ ਉਸ ਦੀ ਅੰਤਮ ਘੜੀ ਵਿੱਚ ਵੱਖ ਹੁੰਦੇ ਸਮੇਂ ਉਸ ਦੇ ਕਸ਼ਟ ਦਾ ਸਬਬ ਹੋਣ ਅਤੇ ਜੱਦ ਇਹ ਹੋਵੇਗਾ ਤਾਂ ਮਨੁੱਖ ਫਿਰ ਨੇਕੀਆਂ ਕਰਨ ਦਾ ਜਤਨ ਕਰੇਗਾ । ਫਿਰ ਅਕਾਰਣ ਹੀ ਸੰਸਾਰਕ ਤਮਾਸ਼ਿਆਂ ਵਿੱਚ ਪੈਸਾ ਨਸ਼ਟ ਨਹੀਂ ਕਰੇਗਾ ਨ ਸਮਾਂ ਸਸ਼ਟ ਕਰੇਗਾ, ਨ ਹੀ ਵਿਅਰਥ ਇਛੱਾਵਾਂ ਦੀ ਪੂਰਤੀ ਲਈ ਉਹਨਾ ਚੀਜਾਂ ਨੂੰ ਨਸ਼ਟ ਕਰੇਗਾ । ਫਿਰ ਇਕ ਪਾਕ ਪਰਿਵਰਤਨ ਬਾਰੇ ਆਪ ਫ਼ਰਮਾਉਂਦੇ ਹਨ :

ਸੋ, ਬੇਖ਼ੌਫ਼ ਹੋਕੇ ਨ ਰਹੋ, ਖਿਮਾ ਜਾਚਨਾ, ਇਸਤਗ਼ਫ਼ਾਰ ਅਤੇ ਦੁਆਵਾਂ ਵਿੱਚ ਲੱਗ ਜਾਓ ਅਤੇ ਇਕ ਪਾਕ ਤਬਦੀਲੀ ਪੈਦਾ ਕਰੋ, ਹੁਣ ਗ਼ਫ਼ਲਤ ਦਾ ਸਮਾਂ ਨਹੀਂ ਰਿਹਾ । ਮਨੁੱਖ ਨੂੰ ਨਫ਼ਸ ਝੂਠੀਆਂ ਤਸੱਲੀਆਂ ਦਿੰਦਾ ਹੈ ਕਿ ਤੇਰੀ ਉਮਰ ਲੰਮੇਰੀ ਹੋਵੇਗੀ । ਮੌਤ ਨੂੰ ਨੇੜੇ ਸਮਝੋ, ਰੱਬ ਦਾ ਵੁਜੂਦ ਅਟਲ ਸਚੱਾਈ ਹੈ, ਜੋ ਅੰਧਕਾਰ ਦੇ ਮਾਰਗ ਰਾਹੀਂ ਰੱਬ ਦੇ ਅਧਿਕਾਰ ਕਿਸੇ ਹੋਰ ਨੂੰ ਦਿੰਦਾ ਹੈ ਉਹ ਜ਼ਿਲੱਤ ਦੀ ਮੌਤ ਦੇਖੇਗਾ ......

ਫਿਰ ਇਕ ਪਾਕ ਤਬਦੀਲੀ ਅਤੇ ਅੰਤ ਦੀ ਚਿੰਤਾ 'ਤਕਵਾ' (ਸੰਜਮਤਾ) ਤੋਂ ਪੈਦਾ ਹੁੰਦੀ ਹੈ ਅਤੇ ਇਹ ਤਕਵਾ ਹੀ ਅੰਤ ਨੂੰ ਸਫ਼ਲ ਕਰਦਾ ਹੈ । ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ 'ਤਕਵਾ' (ਸੰਜਮਤਾ) ਰੱਖਣ ਵਾਲੇ ਉਪੱਰ ਰੱਬ ਦੀ ਇਕ ਕ੍ਰਿਪਾ ਹੁੰਦੀ ਹੈ ਉਹ ਰੱਬ ਦੀ ਛਾਂ ਹੇਠ ਹੁੰਦਾ ਹੈ ਪਰ ਚਾਹੀਦਾ ਹੈ ਕਿ ਤਕਵਾ ਖ਼ਾਲਸ ਹੋਵੇ ਅਤੇ ਉਸ ਵਿੱਚ ਸ਼ੈਤਾਨ ਦਾ ਕੁਝ ਵੀ ਹਿਸੱਾ ਨ ਹੋਵੇ । ਅਸਲ ਤਕਵਾ ਹੈ ਉਸ ਰੀਜ ਨੂੰ ਚੇਤੇ ਰੱਖੋ । ਫ਼ਰਮਾਇਆ ਕਿ ਇਸ ਲਈ ਤੁਸੀਂ ਇਲਹਾਮਾ ਤੇ 'ਰੋਇਯਾ' (ਸੁਪਨਿਆਂ) ਦੇ ਪਿੱਛੇ ਨ ਪਿਆ ਕਰੋ ਕਿਸੇ ਨੂੰ ਇਲਹਾਮ ਹੋ ਗਿਆ, ਕਿਸੇ ਨੂੰ ਰੋਇਯਾ ਕਿਸੇ ਨੂੰ ਕੋਈ ਸਚੱਾ ਸੁਪਨਾ ਆ ਗਿਆ ਕਸ਼ਫ਼ ਹੋ ਗਿਆ ਸਗੋਂ ਤਕਵਾ ਦੇ ਪਿੱਛੇ ਲੱਗੋ । ਇਹ ਨ ਦੇਖੋ ਕਿ ਕਿਸੇ ਨੂੰ ਕੀ ਹੋ

ਰਿਹਾ ਹੈ, ਸੱਚੇ ਸੁਪਨੇ ਨਹੀਂ ਆ ਰਹੇ ਕੇਵਲ ਇਹ ਦੇਖੋ ਕਿ ਤਕਵਾ (ਸੰਜਮਤਾ) ਹੈ ਕਿ ਨਹੀਂ । ਜੋ ਮੁਤੱਕੀ (ਸੰਜਮਤਾ ਧਾਰਨ ਕਰਨ ਵਾਲਾ) ਹੈ ਉਸ ਦੇ ਇਲਹਾਮ ਵੀ ਸਹੀ ਹਨ ਅਤੇ ਜੇਕਰ ਤਕਵਾ ਨਹੀਂ ਤਾਂ ਇਲਹਾਮ ਵੀ ਵਿਸ਼ਵਾਸ ਯੋਗ ਨਹੀਂ ।

ਸੋ, ਤਕਵਾ ਦੀ ਪ੍ਰੀਖਿਆ ਵਿੱਚ ਪਾਸ ਹੋਣ ਲਈ ਹਰ ਇਕ ਕਸ਼ਟ ਝਲੱਣ ਲਈ ਤਿਆਰ ਹੋ ਜਾਓ । ਤਕਵਾ ਵੀ ਇਕ ਪ੍ਰੀਖਿਆ ਹੈ ਇਕ ਲਈ ਵੀ ਮਿਹਨਤ ਕਰਨੀ ਪੈਦੀ ਹੈ । ਜੱਦ ਮਨੁੱਖ ਇਸ ਮਾਰਗ ਵਿੱਚ ਪੈਰ੍ਹ ਪੁਟਦਾ ਹੈ ਤਾਂ ਸ਼ੈਤਾਨ ਉਸ'ਤੇ ਵੱਡੇ ਵੱਡੇ ਹਮਲੇ ਕਰਦਾ ਹੈ ਪਰ ਇਕ ਹੱਦ'ਤੇ ਪਹੁੰਚ ਕੇ ਅੰਤ ਸ਼ੈਤਾਨ ਠਹਿਰ ਜਾਂਦਾ ਹੈ ਇਹ ਉਹ ਸਮਾਂ ਹੈ ਕਿ ਜੱਦ ਮਨੁੱਖ ਨੂੰ ਮਨੁੱਖ ਦੀ ਭੌਤਿਕ ਜੀਵਨ ਉਪੱਰ ਮੌਤ ਆਕੇ ਉਹ ਰੱਬ ਦੀ ਪਰਛਾਈਂ ਹੇਠ ਹੋ ਜਾਂਦਾ ਹੈ, ਉਹ ਇਲਾਹੀ ਦੀਦਾਰ ਹੇਠ ਅਤੇ ਖ਼ਲੀਫ਼ਾਤੁਲੱਾਹ (ਰੱਬ ਦਾ ਉਤੱਰਾਧਿਕਾਰੀ) ਹੁੰਦਾ ਹੈ । ਸੰਖੇਪ ਸਾਰ ਸਾਡੀ ਸਿੱਖਿਆ ਦਾ ਇਹੋ ਹੈ ਕਿ ਮਨੁੱਖ ਆਪਣੀ ਸਾਰੀਆਂ ਸ਼ਕਤੀਆਂ ਨੂੰ ਰੱਬ ਵੱਲ ਲਾ ਦੇਵੇ

ਫਿਰ ਤਕਵਾ (ਸੰਜਮਤਾ) ਦੇ ਹਵਾਲੇ ਨਾਲ ਹੀ ਸਾਨੂੰ ਨਸੀਹਤ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਤਕਵਾ ਰੱਖਣ ਵਾਲਿਆਂ ਲਈ ਇਹ ਸ਼ਰਤ ਹੈ ਕਿ ਉਹ ਆਪਣਾ ਜੀਵਨ ਗ਼ਰੀਬੀ ਤੇ ਮਿਸਕੀਨੀ ਵਿੱਚ ਬਤੀਤ ਕਰਨ । ਇਹ ਤਕਵਾ ਦੀ ਇਕ ਸ਼ਾਖ਼ਾ ਹੈ ਜਿਸ ਰਾਹੀਂ ਸਾਨੂੰ ਅਣਉਚਿਤ ਗੁੱਸੇ ਦਾ ਮੁਕਾਬਲਾ ਕਰਨਾ ਹੈ । ਤਕਵਾ ਰਾਹੀਂ ਸਾਨੂੰ ਅਕਾਰਣ ਗੁੱਸਾ ਆ ਜੋ ਜਾਂਦਾ ਹੈ ਅਤੇ ਜਾਂ ਅਕਾਰਣ ਹੀ ਕਿਸੇ ਦਾ ਗੁਸੱਾ ਸਾਡੇ ਉਪੱਰ ਹੋਵੇ ਉਸ ਦਾ ਮੁਕਾਬਲਾ ਕਰਨਾ ਹੈ । ਵੱਡੇ ਵੱਡੇ ਆਰਫ਼ ਅਤੇ ਸੱਚਿਆਰਾਂ ਲਈ ਅੰਤਮ ਕਰੜੀ ਮੰਜ਼ਲ ਗੁੱਸੇ ਤੋ ਬਚਣਾ ਹੀ ਹੈ । ਕਈ ਲੋਕ ਵੱਡਿੱਆ ਨੂੰ ਮਿਲਕੇ ਬਹੁਤ ਅਦਬ ਨਾਲ ਪੇਸ਼ ਆਉਂਦੇ ਹਨ (ਵੱਡਾ ਆਦਮੀ ਹੋਵੇ, ਅਮੀਰ ਆਦਮੀ ਹੋਵੇ ਬਹੁਤ ਅਦਬ ਨਾਲ ਮਿਲਦੇ ਹਨ ਬਹੁਤ ਮਾਨ ਸਨਮਾਨ ਕਰਦੇ ਹਨ) ਪਰ ਵੱਡਾ ਉਹ ਹੈ ਜੋ ਮਿਸਕੀਨ ਦੀ ਗੱਲ ਨੂੰ ਮਿਸਕੀਨੀ ਨਾਲ ਸੁਣੇ । (ਕਿਸੇ ਮਿਸਕੀਨ ਅਤੇ ਗ਼ਰੀਬ ਵਿਅਕਤੀ ਦੀ ਗੱਲ ਨੂੰ ਸੁਣੇ ਅਤੇ ਬਹੁਤ ਅਰਾਮ ਨਾਲ ਧਿਆਨ ਨਾਲ ਸੁਣੇ ) ਉਸ ਦਾ ਮਨ ਰੱਖੇ ਉਸ ਦੀ ਗੱਲ ਦਾ ਸਨਮਾਨ ਕਰੇ, ਕੋਈ ਚਿੜ੍ਹ ਵਾਲੀ ਗੱਲ ਮੂੰਹ'ਤੇ ਨ ਲਿਆਏ ਕਿ ਜਿਸ ਤੋਂ ਉਹ ਦੁਖੀ ਹੋਵੇ । ਰੱਬ ਫ਼ਰਮਾਉਂਦਾ ਹੈ ਕਿ "ਵਲਾ ਤਨਾਬੁਜ਼ੂ ਬਿਲਅਲਕਾਬ ਬੇਸਲ ਇਸਮਿਲ ਫ਼ੁਸੂਕਾ ਬਾਦਲ ਈਮਾਨ ਵਮਨ ਲਮ ਯਤੁਬ ਫ਼ ਉਲਾਇਕਾ ਹੁਮੁਜ਼ਾਲਿਮੂਨ, ਵਲਾ ਤਨਾਬੁਜ਼ੂ ਬਿਅਲਕਾਬ ਬੇਸਲ ਇਸਮਿਲ ਫ਼ਸੂਕਾ ਬਾਦਲ ਈਮਾਨ ਵਮਨ ਲਮ ਯਤੁਬ ਫ਼ਉਲਾਇਕਾ ਹੁਮੁਜ਼ੱਾਲਿਮੂਨ ।

(ولا تنابزوا بالالقاب بئس الاسم الفسوق بعد الایمان ومن لم یتب فاولئك هم الظلمون۔ ولا تنابزوا بالالقاب بئس الاسم الفسوق بعد الایمان ومن لم یتب فاولئك هم الظلمون۔)

ਤੁਸੀਂ ਇਕ ਦੂਜੇ ਦਾ ਚਿੜ੍ਹਕੇ ਨਾਂ ਨ ਲਓ । ਇਹ ਕੰਮ ਫ਼ਸਾਦੀਆਂ ਦਾ ਹੈ । ਜੋ ਮਨੁੱਖ ਕਿਸੇ ਨੂੰ ਚਿੜ੍ਹਾਉਂਦਾ ਹੈ ਉਹ ਨਹੀਂ ਮਰੇਗਾ ਜੱਦ ਤੱਕ ਉਹ ਆਪ ਕਿ ਕਿਸੇ ਪ੍ਰਕਾਰ ਗ੍ਰਿਸਿਆ ਨ ਜਾਵੇ । ਆਪਣੇ ਭਰਾਵਾਂ ਨੂੰ ਹਕੀਰ (ਤ੍ਰਿਸਕਾਰਿਆ) ਨ ਸਮਝੋ । ਜੱਦ ਇਕ ਹੀ ਸੋਮੇ ਤੋਂ ਸਾਰੇ ਪਾਣੀ ਪੀਂਦੇ ਹਨ ਤਾਂ ਕੌਣ ਜਾਣਦਾ ਹੈ ਕਿ ਕਿਸ ਦੀ ਕਿਸਮਤ ਵਿੱਚ ਬਹੁਤਾ ਪਾਣੀ ਪੀਣਾ ਹੈ । ਦੁਨੀਆਵੀ ਉਸੂਲਾਂ ਤੋਂ ਕੋਈ ਬਹੁਤਾ ਸਨਮਾਨਯੋਗ ਨਹੀਂ ਹੋ ਸਕਦਾ । ਰੱਬ ਨੇੜੇ ਉਹ ਵੱਡਾ ਹੈ ਜੋ ਮੁਤੱਕੀ ਹੈ । "ਇਨਾ ਅਕਰਾਮਾਕੁਮ ਇੰਦਲੱਾਹਿ ਅਤਕਾਕੁਮ ਇਨੱਲੱਾਹਾ ਅਲੀਮੁੰ ਖ਼ਬੀਰ ।" (ان اکرمکم عند اللہ اتقکم ان اللہ علیم خبیر۔)

ਫਿਰ ਆਪ ਫ਼ਰਮਾਉਂਦੇ ਹਨ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਸਦੇਵੀ ਸਫ਼ਲਤਾਵਾਂ ਪ੍ਰਾਪਤ ਹੋਵੇ ਅਤੇ ਲੋਕਾਂ ਦੇ ਦਿਲਾਂ ਉਪੱਰ ਫ਼ਤਹਿ ਪ੍ਰਾਪਤ ਕਰੋ ਤਾਂ ਪਵਿੱਤਰਤਾ ਧਾਰਣ ਕਰੋ । ਅਕਲ ਤੋਂ ਕੰਮ ਲਓ ਅਤੇ ਇਲਾਹੀ ਕਲਾਮ ਦੀ ਹਿਦਾਇਤ ਉਪੱਰ ਚੱਲੋ । ਆਪਣੀ ਅੰਤਰਤਾ ਨੂੰ ਸੁਣੋ ਅਤੇ ਦੂਜਿਆਂ ਨੂੰ ਆਪਣੇ ਸਦਗੁਣਾ ਤੇ ਚੰਗੇ ਅਖ਼ਲਾਕ ਦਾ ਨਮੂਨਾ ਦਿਖਾਓ । ਫ਼ਿਰ ਤੁਸੀਂ ਨਿਰਸੰਦੇਹ ਸਫ਼ਲ ਹੋ ਜਾਓਗੇ ।

ਫਿਰ ਇਸ ਵੱਲ ਧਿਆਨ ਦੁਆਉਂਦਿਆਂ ਹੋਇਆਂ ਕਿ ਪਹਿਲਾਂ ਆਪ ਅਮਲ ਕਰੋ, ਆਪ ਫ਼ਰਮਾਉਂਦੇ ਹਨ ਕਿ ਜੇਕਰ ਇਸ ਪ੍ਰਕਾਰ ਦੇ ਲੋਕ ਅਮਲੀ ਸ਼ਕਤੀ ਵੀ ਰੱਖਦੇ ਹੋਣ ਅਤੇ ਕਹਿਣ ਤੋਂ ਪਹਿਲਾਂ ਆਪ ਵੀ ਕਰਦੇ ਹੋਣ ਤਾਂ ਕੁਰਆਨ ਕਰੀਮ

ਵਿੱਚ "ਲਮ ਤਕੂਲੂਨਾ ਮਾਲਾ ਤਫ਼ਆਲੂਨ" ( لمر تقولون مالا تفعلون) ਕਹਿਣ ਦੀ ਕੀ ਲੋੜ ਪੈਂਦੀ । ਇਹ ਆਇਤ ਹੀ ਦੱਸਦੀ ਹੈ ਕਿ ਦੁਨੀਆ ਵਿੱਚ ਕਹਿ ਕੇ ਆਪ ਨ ਕਰਨ ਵਾਲੇ ਵੀ ਮੌਜੂਦ ਸਨ ਅਤੇ ਹਨ ਅਤੇ ਹੋਣਗੇ । ਸੋ, ਇਸ'ਤੇ ਜੇਕਰ ਕੁਰਆਨ ਕਰੀਮ ਦੇ ਆਦੇਸ਼ਾਂ ਉਪੱਰ ਅਮਲ ਕਰਨਾ ਹੈ ਤਾਂ ਇਸ ਵੱਲ ਵੀ ਧਿਆਨ ਦੇਣਾ ਹੋਵੇਗਾ । ਫਿਰ ਇਸ ਨਸੀਹਤ ਨੂੰ ਵਿਸ਼ੇਸ਼ ਤੌਰ'ਤੇ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਆਪ ਆਪਣਾ ਜਾਇਜ਼ਾ ਲਈਏ ਕਿ ਅਤੇ ਲੈਣਾ ਚਾਹੀਦਾ ਹੈ ਅਤੇ ਹਰ ਇਕ ਨੂੰ ਇਹ ਮੁਢੱਲੀ ਨਸੀਹਤ ਵਿਸ਼ੇਸ਼ ਤੌਰ'ਤੇ ਅਹੁਦੇਦਾਰਾਂ ਨੂੰ ਵੀ ਚੇਤੇ ਰੱਖਣੀ ਚਾਹੀਦੀ ਹੈ, ਜੋ ਦੂਜਿਆਂ ਤੋਂ ਤਾਂ ਆਪਣੇ ਅੰਦਰ ਤਬਦੀਲੀ ਦੀ ਆਸ਼ਾ ਰੱਖਦੇ ਹਨ, ਉਹਨਾਂ ਨੂੰ ਨਸੀਹਤਾਂ ਕਰਦੇ ਹਨ, ਪਰ ਆਪਣੇ ਮਾਮਲੇ ਵਿੱਚ ਅਜਿਹੇ ਅਵਸਥਾ ਪੈਦਾ ਹੋ ਜਾਵੇ ਤਾਂ ਬਿਲਕੁਲ ਹੀ ਵਿਪਰੀਤ ਕਰਦੇ ਹਨ ਜਾਂ ਉਹ ਹੀਲੇ ਹੁਜਤਾਂ ਕਰਦੇ ਹਨ ਅਤੇ ਰੱਬ ਦੇ ਆਦੇਸ਼ਾਂ ਨੂੰ ਅਤੇ ਉਸ ਦੇ ਰਸੂਲ ਦੇ ਆਦੇਸ਼ਾਂ ਨੂੰ ਫਿਰ ਦੂਜਾ ਥਾਂ ਦਿੰਦੇ ਹਨ । ਕਈ ਅਜਿਹੇ ਮਾਮਲੇ ਸਾਹਮਣੇ ਆ ਜਾਂਦੇ ਹਨ ।

ਫਿਰ ਕਹਿਣੀ ਤੇ ਕਰਣੀ ਵਿਚ ਸਮਾਨਤਾ ਬਾਰੇ ਆਪ ਫ਼ਰਮਾਉਂਦੇ ਹਨ ਕਿ ਤੁਸੀਂ ਮੇਰੀ ਗੱਲ ਸੁਣ ਰੱਖੋ ਅਤੇ ਖ਼ੂਬ ਚੇਤੇ ਰੱਖੋ ਕਿ ਜੇਕਰ ਮਨੁੱਖ ਦੀ ਗੱਲਬਾਤ ਸੱਚੇ ਮਨ ਨਾਲ ਨ ਹੋਵੇ ਅਤੇ ਅਮਲੀ ਤਾਕਤ ਉਸ ਵਿੱਚ ਨ ਹੋਵੇ ਤਾਂ ਉਹ ਪ੍ਰਭਾਵੀ ਨਹੀਂ ਹੁੰਦੀ ।

ਫਿਰ ਆਪਸੀ ਭਾਈਚਾਰੇ ਤੇ ਮਿਲਵਰਤਨ ਅਤੇ ਪ੍ਰੇਮ ਬਾਰੇ ਆਪ ਫ਼ਰਮਾਉਂਦੇ ਹਨ ਕਿ ਜਮਾਤ ਦੇ ਆਪਸੀ ਭਾਈਚਾਰੇ, ਮਿਲਵਰਤਨ ਤੇ ਪ੍ਰੇਮ ਬਾਰੇ ਮੈਂ ਪਹਿਲਾਂ ਬਹੁਤ ਵਾਰੀ ਕਹਿ ਚੁਕਿਆ ਹਾਂ ਕਿ ਤੁਸੀਂ ਆਪੋ ਵਿੱਚ ਸਹਿਮਤੀ ਰੱਖੋ ਅਤੇ ਇਕਤੱਰ ਹੋ ਜਾਓ । ਰੱਬ ਨੇ ਮੁਸਲਮਾਨਾ ਨੂੰ ਇਹੋ ਸਿੱਖਿਆ ਦਿੱਤੀ ਸੀ ਕਿ ਤੁਸੀਂ ਇਕ ਵੁਜੂਦ ਬਣੋ ਨਹੀਂ ਤਾਂ ਹਵਾ ਨਿਕਲ ਜਾਵੇਗੀ । ਨਮਾਜ਼ ਵਿੱਚ ਜੁੜਕੇ ਖੜੇ ਹੋਣ ਦਾ ਆਦੇਸ਼ ਇਸੇ ਲਈ ਹੈ ਕਿ ਆਪੋ ਵਿੱਚ ਸਹਿਮਤੀ ਹੋਵੇ ਇਕੱਠ ਹੋਵੇ । ਬਿਜਲੀ ਦੀ ਸ਼ਕਤੀ ਵਾਂਗ ਇਕ ਦੀ ਤਾਕਤ ਦੂਜੇ ਵਿੱਚ ਰਚੇਗੀ । ਜੇਕਰ ਮਤਿਭੇਦ ਹੋਇਆ ਇਕੱਠ ਨ ਹੋਇਆ ਤਾਂ ਫਿਰ ਬੇਨਸੀਬੇ ਰਹੋਗੇ ।

ਫਿਰ ਆਪ ਫ਼ਰਮਾਉਂਦੇ ਹਨ ਕਿ ਮੇਰੇ ਵੁਜੂਦ ਤੋਂ ਇੰਸ਼ਾਅਲੱਾਹ ਇਕ ਨੇਕ ਜਮਾਤ ਪੈਦਾ ਹੋਵੇਗੀ । ਆਪਸੀ ਦੁਸ਼ਮਣੀ ਦਾ ਸਬਬ ਕੀ ਹੈ, ਬੁਖ਼ਲ (ਕੰਜੂਸੀ) ਹੈ ਹੈਂਕੜੀ ਹੈ ਸਵੈਪ੍ਰਸ਼ੰਸਾ ਹੈ ਅਤੇ ਭਾਵਨਾਵਾਂ ਹਨ । ਫ਼ਰਮਾਇਆ ਅਜਿਹੇ ਸਾਰੇ ਲੋਕਾਂ ਨੂੰ ਬਹੁਤ ਦੁੱਖ ਨਾਲ ਫ਼ਰਮਾ ਰਹੇ ਹਨ ਕਿ ਜੋ ਕੰਜੂਸੀ ਵੀ ਰੱਖਦੇ ਹਨ ਅਤੇ ਹੈਂਕੜੀ ਵੀ ਰੱਖਦੇ ਹਨ ਸਵੈ ਪ੍ਰਸ਼ੰਸਾ ਹੈ ਅਤੇ ਆਪਣੀਆਂ ਭਾਵਨਾਵਾਂ ਉਪੱਰ ਕਾਬੂ ਨਹੀਂ ਰੱਖਦੇ ਉਹਨਾਂ ਲੋਕਾਂ ਨੂੰ ਜਮਾਤ ਤੋਂ ਅੱਡ ਕਰ ਦਿਆਂਗਾ ਜੋ ਆਪਣੀਆਂ ਭਾਵਨਾਵਾਂ ਉਪੱਰ ਕਾਬੂ ਨਹੀਂ ਰੱਖ ਸਕਦੇ, ਜੋ ਅਜਿਹੇ ਹਨ ਉਹ ਚੇਤੇ ਰੱਖਣ ਕਿ ਉਹ ਕੁਝ ਦਿਨ ਦੇ ਮਹਿਮਾਨ ਹਨ ਜੱਦ ਤਕੱ ਕਿ ਉਹ ਚੰਗੇ ਨਮੂਨੇ ਨਹੀਂ ਦਿਖਾਉਣ । ਮੈਂ ਕਿਸੇ ਦੇ ਸਬਬ ਆਪਣੇ ਉਪੱਰ ਇਤਰਾਜ਼ ਨਹੀਂ ਲੈਂਣਾ ਚਾਹੁੰਦਾ । ਅਜਿਹਾ ਮਨੁੱਖ ਜੋ ਮੇਰੀ ਜਮਾਤ ਵਿੱਚ ਹੋਕੇ ਮੇਰੀ ਇਛੱਾ ਅਨੁਸਾਰ ਨ ਹੋਵੇ ਉਹ ਸੁੱਕੀ ਟਾਹਣੀ ਹੈ ਉਸ ਨੂੰ ਬਾਗ਼ਬਾਨ ਨ ਕੱਟੇ ਤਾਂ ਕੀ ਕਰੇ । ਸੁੱਕੀ ਟਾਹਣੀ ਦੂਜੀਆਂ ਹਰੀਆਂ ਟਾਹਣੀਆਂ ਨਲ ਰਹਿ ਕੇ ਪਾਣੀ ਤਾਂ ਚੂਸਦੀਆਂ ਹਨ ਪਰ ਉਸ ਨੂੰ ਹਰਿਆ ਨਹੀਂ ਕਰ ਸਕਦੀਆਂ ਸਗੋਂ ਉਹ ਟਾਹਣੀ ਦੂਜੀਆਂ ਟਾਹਣੀਆਂ ਨੂੰ ਵੀ ਲੈ ਬੈਠਦੀਆਂ ਹਨ ।

ਫਿਰ ਦੁਆ ਦੀ ਕੁਬੂਲੀਯਤ ਬਾਰੇ ਆਪ ਫ਼ਰਮਾਉਂਦੇ ਹਨ ਕਿ ਗੱਲ ਵੀ ਮਨ ਨਾਲ ਸੁਣ ਲੈਂਣੀ ਚਾਹੀਦੀ ਹੈ ਕਿ ਦੁਆ ਦੀ ਪਰਵਾਨਾਗੀ ਲਈ ਵੀ ਸ਼ਰਤ ਹੈ ਹੁੰਦੀ ਹੈ ਉਹਨਾਂ ਵਿੱਚੋਂ ਕੁਝ ਤਾਂ ਦੁਆ ਕਰਨ ਵਾਲੇ ਬਾਰੇ ਹੁੰਦੀਆਂ ਹਨ ਅਤੇ ਕੁਝ ਦੁਆ ਕਰਾਉਣ ਵਾਲੇ ਬਾਰੇ । ਦੁਆ ਕਰਾਉਣ ਵਾਲੇ ਲਈ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਰੱਬ ਦੇ ਖ਼ੌਫ਼ ਤੇ ਡਰ ਨੂੰ ਸੰਮੁੱਖ ਰੱਖੇ ਅਤੇ ਉਸ ਦੇ ਨਿੱਜੀ ਗੁਣਾ ਤੋਂ ਹਰ ਸਮੇਂ ਡਰਦਾ ਰਹੇ ਅਤੇ ਸੁਧਾਰ ਤੇ ਰੱਬ ਪ੍ਰਸਤੀ ਆਪਣਾ ਉਸੂਲ ਬਣਾ ਲਏ । ਤਕਵਾ (ਸੰਜਮਤਾ) ਤੇ ਸਚੱਾਈ ਰਾਹੀਂ ਰੱਬ ਨੂੰ ਖ਼ੁਸ਼ ਕਰਨ ਦਾ ਜਤਨ ਕਰੇ ਤਾਂ ਅਜਿਹੀ ਅਵਸਥਾ ਵਿੱਚ ਦੁਆ ਲਈ ਪਰਵਾਨਗੀ ਦਾ ਦਰ ਖੋਲਿਆ ਜਾਂਦਾ ਹੈ ।

ਸੋ, ਜਿਸ ਅਵਸਥਾ ਵਿੱਚ ਤਕਵਾ ਦੀ ਸ਼ਰਤ ਦੁਆ ਦੀ ਪਰਵਾਨਗੀ ਲਈ ਇਕ ਸੁਨਿਸ਼ਚਿਤ ਸ਼ਰਤ ਹੈ ਤਾਂ ਇਕ ਮਨੁੱਖ ਗ਼ਾਫ਼ਲ ਤੇ ਲਾ ਪਰਵਾਹ ਹੋਕੇ ਜੇਕਰ ਦੁਆ ਦੀ ਪਰਵਾਨਗੀ ਚਾਹੇ ਤਾਂ ਕੀ ਉਹ ਮੂਰਖ ਤੇ ਨਾਦਾਨ ਨਹੀਂ ਹੈ । ਸੋ, ਸਾਡੀ ਜਮਾਤ ਲਈ ਜ਼ਰੂਰੀ ਹੈ ਕਿ ਜਿੱਥੋਂ ਤੱਕ ਸੰਭਵ ਹੋ ਸਕੇ ਹਰ ਇਕ ਉਹਨਾਂ ਵਿੱਚੋਂ ਤਕਵਾ (ਸੰਜਮਤਾ) ਦੇ ਮਾਰਗ ਵਿੱਚ ਕਦਮ ਮਾਰੇ ਤਾਂ ਜੋ ਦੁਆ ਦੀ ਪਰਵਾਨਗੀ ਦਾ ਆਨੰਦ ਤੇ ਸਰੂਰ ਪ੍ਰਾਪਤ ਕਰੇ ਅਤੇ ਈਮਾਨ ਦੇ ਵਾਧੇ ਦਾ ਸਬਬ ਹੋਵੇ ।

ਅਲੱਾਹ ਕਰੇ ਅਸੀਂ ਆਪਣੇ ਜੀਵਨ ਵਿੱਚ ਆਪ ਅਲੈਹਿ ਸਲਾਮ ਦੀ ਇਛੱਾਵਾਂ ਅਨੁਸਾਰ ਢਾਲਣ ਵਾਲੇ ਹੋਈਏ ਅਤੇ ਸਾਡੇ ਕਦਮ ਨੇਕੀਆਂ ਵੱਲ ਵਧੱਣ ਵਾਲੇ ਹੋਣ । ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਨੂੰ ਨਸ਼ਟ ਕਰਨ ਵਾਲੇ ਨ ਹੋਈਏ ਸਗੋਂ ਉਹਨਾਂ ਦੁਆਵਾਂ ਨੂੰ ਜੋ ਆਪ ਅਲੈਹਿ ਸਲਾਮ ਨੇ ਆਪਣੀ ਜਮਾਤ ਲਈ ਕੀਤੀਆਂ ਹਨ ਉਹਨਾਂ ਦਾ ਵਾਰਸ ਬਣੀਏ । ਇਸ ਦੁਆ ਨਾਲ ਮੈਂ ਆਪ ਸਭ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਾ ਹਾਂ । ਅਲੱਾਹ ਤਆਲਾ ਇਸ ਸਾਲ ਨੂੰ ਸਾਡੇ ਲਈ ਵਿਅਕਤੀਗੱਤ ਤੌਰ'ਤੇ ਵੀ ਅਤੇ ਜਮਾਤੀ ਤੌਰ'ਤੇ ਵੀ ਅਥਾਹ ਬਰਕਤਾਂ ਭਰਪੂਰ ਬਣਾਏ । ਆਮੀਨ ।

**Khulasa Khutba 1.1.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131